# **ਦਫ਼ਤਰ ਨਗਰ ਨਿਗਮ ਹੁਸ਼ਿਆਰਪੁਰ**

# **ਪ੍ਰੈਸ ਨੋਟ**

## **ਵਿੱਤ ਅਤੇ ਠੇਕਾ ਕਮੇਟੀ ਨੇ ਐਡਵਰਟਾਈਜ਼ਮੈਂਟ ਦੇ** 1,17,89,954 ਰੁਪਏ ਦੇ ਟੈਂਡਰ ਨੂੰ ਦਿੱਤੀ **ਪ੍ਰਵਾਨਗੀ.......ਮੇਅਰ ਸ਼ਿਵ ਸੂਦ**

## **ਵਿਕਾਸ ਕਾਰਜ ਸਾਰੇ ਵਾਰਡਾਂ ਵਿਚ ਬਿਨਾਂ ਭੇਦ ਭਾਵ ਦੇ ਕਰਵਾਏ ਜਾਣਗੇ।**

ਹੁਸ਼ਿਆਰਪੁਰ 04 ਮਈ ਨਗਰ ਨਿਗਮ ਹੁਸ਼ਿਆਰਪੁਰ ਦੇ ਵੱਖ ਵੱਖ ਵਾਰਡਾਂ ਵਿਚ ਕਰਵਾਏ ਜਾਣ ਵਾਲੇ ਵਿਕਾਸ ਕਾਰਜਾਂ ਲਈ ਬਣਾਈ ਗਈ ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ ਅੱਜ ਨਗਰ ਨਿਗਮ ਦੇ ਮੇਅਰ ਸ਼ਿਵ ਸੂਦ ਦੀ ਪ੍ਰਧਾਨਗੀ ਹੇਠ ਉਹਨਾਂ ਦੇ ਦਫਤਰ ਵਿਖੇ ਆਯੋਜਿਤ ਕੀਤੀ ਗਈ। ਨਗਰ ਨਿਗਮ ਦੇ ਕਮਿਸ਼ਨਰ ਜ਼ਸਬੀਰ ਸਿੰਘ, ਵਿੱਤ ਅਤੇ ਠੇਕਾ ਕਮੇਟੀ ਦੇ ਮੈਂਬਰ ਸੀਨੀਅਰ ਡਿਪਟੀ ਮੇਅਰ ਪ੍ਰੇਮ ਸਿੰਘ ਪਿੱਪਲਾਂਵਾਲਾ, ਡਿਪਟੀ ਮੇਅਰ ਸ਼ੁਕਲਾ ਦੇਵੀ ਸ਼ਰਮਾ, ਕਵਿਤਾ ਪਰਮਾਰ, ਡੀ.ਸੀ.ਐਫ.ਏ. ਰਵਿੰਦਰ ਸਿੰਘ, ਐਸ.ਡੀ.ਓ. ਹਰਪ੍ਰੀਤ ਸਿੰਘ, ਸੁਪਰਡੰਟ ਅਮਿਤ ਕੁਮਾਰ, ਲੇਖਾਕਾਰ ਰਾਜਨ ਕੁਮਾਰ, ਵਿਨੈ ਉੱਪਲ ਅਤੇ ਰਾਹੁਲ ਸ਼ਰਮਾ ਵੀ ਇਸ ਮੀਟਿੰਗ ਵਿਚ ਹਾਜਰ ਸਨ।

ਮੀਟਿੰਗ ਵਿਚ ਨਗਰ ਨਿਗਮ ਹੁਸ਼ਿਆਰਪੁਰ ਦੇ ਵੱਖ ਵੱਖ ਵਾਰਡਾਂ ਵਿਚ ਜਰੂਰੀ ਵਿਕਾਸ ਕਾਰਜ ਕਰਾਉਣ ਸਬੰਧੀ ਵਿਚਾਰ ਵਟਾਂਦਰਾਂ ਕਰਨ ਉਪਰੰਤ ਮੇਅਰ ਸ਼ਿਵ ਸੂਦ ਨੇ ਦਸਿਆ ਕਿ ਉਹਨਾਂ ਦੱਸਿਆ ਕਿ ਵਿੱਤ ਅਤੇ ਠੇਕਾ ਕਮੇਟੀ ਵੱਲੋਂ ਨਗਰ ਨਿਗਮ ਦੀ ਆਮਦਨ ਵਧਾਉਣ ਲਈ ਐਡਵਰਟਾਇਜ਼ਮੈਂਟ ਠੇਕੇ ਤੇ ਦੇਣ ਸਬੰਧੀ ਟੈਂਡਰ ਵਿੱਚ ਰੱਖੀ ਗਈ ਰਾਖੱਵੀਂ ਕੀਮਤ 84.59 ਲੱਖ ਰੁਪਏ ਦੇ ਮੁਕਾਬਲੇ 1,17,89,954 ਰੁਪਏ ਦੇ ਟੈਂਡਰ ਨੂੰ ਪ੍ਰਵਾਨਗੀ ਦਿੱਤੀ ਹੈ ਐਡਰਵਟਾਇਜਮੈਂਟ ਦਾ ਇਹ ਠੇਕਾ 3 ਸਾਲ ਲਈ ਦਿੱਤਾ ਜਾਵੇਗਾ ਜਿਸ ਨਾਲ ਨਗਰ ਨਿਗਮ ਦੀ ਆਮਦਨ ਵਿੱਚ ਕਾਫੀ ਵਾਧਾ ਹੋਵੇਗਾ।